# ਚੰਡੀਗੜ੍ਹ-ਪੁਆੜੇ ਦੀ ਜੜ੍ਹ

ਗੁਰਸ਼ਰਨ ਸਿੰਘ

## ਮੇਰੀ ਨਾਟਕ ਡਾਇਰੀ

ਇਹ ਨਾਟਕ ਮੈਂ 1986 ਵਿਚ ਲਿਖਿਆ ਅਤੇ ਬੇਸ਼ੁਮਾਰ ਪੇਸ਼ਕਾਰੀਆਂ ਵੱਖ ਵੱਖ ਸਮਾਗਮਾਂ 'ਤੇ ਕੀਤੀਆਂ। ਸਾਰਿਆਂ ਨਾਲੋਂ ਮਹੱਤਵਪੂਰਨ ਇਸ ਦੀ ਪੇਸ਼ਕਾਰੀ 9 ਮਾਰਚ 1987 ਨੂੰ ਚੰਡੀਗੜ੍ਹ ਦੇ ਸੈਕਟਰ 17 ਦੇ ਪਲਾਜ਼ਾ ਵਿਚ ਨੌਰਥ ਜ਼ੋਨ ਕਲਚਰਲ ਸੈਂਟਰ ਵਲੋਂ ਕੀਤੇ ਜਾਣ ਵਾਲੇ ਇਕ ਲੋਕ ਉਤਸਵ 'ਤੇ ਹੋਈ। ਇਹ ਨਾਟਕ ਆਪਣੇ ਆਪ ਵਿਚ ਨਾਟਕ ਕਲਾ ਦੀ ਇਕ ਐਸੀ ਮਿਸਾਲ ਹੈ ਜਿਸ ਵਿਚ ਇਕ ਸਮਕਾਲੀ ਵਾਦ ਵਿਵਾਦ ਵਾਲੇ ਵਿਸ਼ੇ ਉਤੇ ਭਰਪੂਰ ਟਿੱਪਣੀ ਕੀਤੀ ਗਈ ਹੈ, ਜਿਸ ਵਿਚ ਵਿਅੰਗ ਵੀ ਹੈ, ਜਜ਼ਬਾ ਵੀ ਹੈ ਤੇ ਸਭ ਤੋਂ ਵੱਧ ਦਰਸ਼ਕ ਪ੍ਰਭਾਵਿਤ ਕਰਨ ਵਾਲੀ ਨਾਟਕ ਸਮੱਗਰੀ ਵੀ ਹੈ। ਨਾਟਕ ਵਿਚ ਤਿੰਨ ਕਲਾਕਾਰ ਇਕ ਵਿਸ਼ੇਸ਼ ਕੰਪੋਜ਼ੀਸ਼ਨ ਬਣਾਉਂਦੇ ਹੋਏ ਇਕ ਬੁੱਤ ਦੀ ਸ਼ਕਲ ਵਿਚ ਫਰੀਜ਼ ਹੁੰਦੇ ਹਨ। ਉਹ ਚੰਡੀਗੜ੍ਹ ਸ਼ਹਿਰ ਦਾ ਪ੍ਰਤੀਕ ਹੋ ਕੇ ਦਰਸ਼ਕਾਂ ਦੇ ਸਾਹਮਣੇ ਹਨ ਤੇ ਬਾਕੀ ਨਾਟਕ ਵਿਚ ਇਸ ਸ਼ਹਿਰ ਨਾਲ ਗੱਲਾਂ ਹੁੰਦੀਆਂ ਹਨ। ਸ਼ਹਿਰ ਵੱਖ ਵੱਖ ਮੁਦਰਾਵਾਂ ਵਿਚ ਤੇ ਮੂਕ ਲਹਿਜੇ ਵਿਚ ਉਨ੍ਹਾਂ ਗੱਲਾਂ ਦਾ ਜਵਾਬ ਦਿੰਦਾ ਹੈ।

ਨਾਟਕ ਦੀ ਭੂਮਿਕਾ, ਜੋ ਨਾਟਕ ਸ਼ੁਰੂ ਕਰਨ ਤੋਂ ਪਹਿਲਾਂ ਪਿੱਠ ਭੂਮੀ ਤੋਂ ਬੋਲੀ ਜਾਂਦੀ ਹੈ, ਉਹ ਨਾਟਕ ਦਾ ਨਿਚੋੜ ਹੈ ''ਚੰਡੀਗੜ੍ਹ ਨੂੰ 'ਪੱਥਰਾਂ ਦਾ ਸ਼ਹਿਰ' ਕਿਹਾ ਜਾਂਦਾ ਹੈ। ਇਸ ਦਾ ਪੰਜਾਬ ਅਤੇ ਹਰਿਆਣੇ ਨਾਲ ਇਸ ਵੇਲੇ ਕੁਝ ਵੀ ਸਾਂਝਾ ਨਹੀਂ ਹੈ। ਸਿਵਾਏ ਇਸ ਦੇ ਕਿ ਇਹ ਇਨ੍ਹਾਂ ਦੋਨਾਂ ਪ੍ਰਾਂਤਾਂ ਦੀ ਰਾਜਧਾਨੀ ਹੈ। ਇਸ ਸ਼ਹਿਰ ਦੇ ਬਦਲੇ ਪੰਜਾਬ ਹਰਿਆਣੇ ਅਤੇ ਹਿੰਦੂ ਸਿੱਖਾਂ ਵਿਚ ਜਿਹੜੀ ਤ੍ਰੇੜ ਪਈ ਹੈ, ਉਸ ਦੀ ਪੀੜ ਇਸ ਨਾਟਕ ਵਿਚ ਬਿਆਨੀ ਗਈ ਹੈ। ਨਾਟਕ ਲਿਖਣ ਵੇਲੇ ਨਾਟਕਕਾਰ ਦੇ ਦਿਲ ਉਤੇ ਉਸ ਦੁਖਦਾਇਕ ਘਟਨਾ ਦਾ ਵੀ ਅਸਰ ਹੋਇਆ ਸੀ, ਜਦੋਂ ਸਿੱਖ ਨੌਜਵਾਨਾਂ ਦੀ ਲਹਿਰ ਵਲੋਂ ਅੰਮ੍ਰਿਤਸਰ ਦੇ ਨੇੜੇ ਗੋਲਵੜ ਪਿੰਡ ਵਿਚ ਬਿਜਲੀ ਬੋਰਡ ਦੇ ਪੰਜ ਹਿੰਦੂ ਕਾਮਿਆਂ ਨੂੰ ਸਿੱਖ ਕਾਮਿਆਂ ਤੋਂ ਵੱਖ ਕਰਕੇ ਗੋਲੀ ਮਾਰ ਦਿੱਤੀ ਗਈ ਸੀ। ਉਨ੍ਹਾਂ ਵਲੋਂ ਇਹ ਐਲਾਨ ਵੀ ਕੀਤਾ ਗਿਆ ਕਿ ਜੇਕਰ ਇਕ ਵੀ ਪੰਜਾਬ ਦਾ ਪਿੰਡ ਚੰਡੀਗੜ੍ਹ ਦੇ ਬਦਲੇ ਦਿੱਤਾ ਗਿਆ ਤਾਂ ਖ਼ੂਨ ਦੀਆਂ ਨਦੀਆਂ ਵਗਾ ਦਿੱਤੀਆਂ ਜਾਣਗੀਆਂ। ਕਤਲ ਦੀਆਂ ਭਾਵੇਂ ਰੋਜ਼ ਘਟਨਾਵਾਂ ਘਟ ਰਹੀਆਂ ਹਨ ਪਰ ਇਹ ਘਟਨਾ ਚੰਡੀਗੜ੍ਹ ਨਾਲ ਜੁੜਦੀ ਹੈ ਕਿਉਂਕਿ ਇਹ ਦਿਨ 20 ਜੂਨ 1986 ਦਾ ਦਿਨ ਸੀ ਜਦੋਂ ਚੰਡੀਗੜ੍ਹ ਵਾਸੀਆਂ ਵਲੋਂ ਪੰਜਾਬ ਨੂੰ ਚੰਡੀਗੜ੍ਹ ਦਿੱਤੇ ਜਾਣ ਦੇ ਰੋਸ ਵਜੋਂ ਚੰਡੀਗੜ੍ਹ ਬੰਦ ਕਰ ਦਿੱਤਾ ਗਿਆ ਸੀ। ਨਾਟਕਕਾਰ ਦਾ ਵਿਸ਼ਵਾਸ ਹੈ ਕਿ ਭ੍ਰਿਸ਼ਟ ਸਿਆਸਤਦਾਨਾਂ ਦੀ ਇਹ ਪੀੜ੍ਹੀ ਨਾਂ ਇਸ ਗੱਲ ਦੇ ਯੋਗ ਹੈ ਅਤੇ ਨਾ ਹੀ ਇਹ ਹੱਕ ਰੱਖਦੀ ਹੈ ਕਿ ਲੋਕਾਂ ਦੀਆਂ ਤਕਦੀਰਾਂ ਨਾਲ ਖੇਡੇ। ਚੰਡੀਗੜ੍ਹ 1966 ਵਿਚ ਹੀ ਪੰਜਾਬ ਨੂੰ ਮਿਲਣਾ ਚਾਹੀਦਾ ਸੀ। ਪੰਜਾਬੀ ਸੂਬਾ ਇਹਦੇ ਬਗੈਰ ਲੈਣਾ ਨਹੀਂ ਚਾਹੀਦਾ ਸੀ। ਹੁਣ 20 ਸਾਲਾਂ ਵਿਚ ਸਾਰੇ ਮਸਲੇ ਦੀ ਨੌਈਅਤ ਹੀ ਬਦਲ ਗਈ ਹੈ ਅਤੇ ਇਕ ਵਿਸ਼ੇਸ਼ ਕਿਸਮ ਦੀ ਕਲਚਰ ਇਸ ਸ਼ਹਿਰ ਵਿਚ ਵਿਕਾਸ ਕਰ ਗਈ ਹੈ ਜੋ ਨਾ ਪੰਜਾਬੀ ਹੈ ਤੇ ਨਾ ਹਰਿਆਣਵੀ ਹੈ। ਨਾਟਕ ਵਿਚ 27 ਜੂਨ ਦਾ ਵੀ ਜ਼ਿਕਰ ਹੈ ਜਦੋਂ ਬਿਜਲੀ ਕਾਮਿਆਂ ਨੇ ਆਪਣੇ ਸਾਥੀਆਂ ਦੇ ਕਤਲ ਦੇ ਰੋਸ ਵਜੋਂ ਬੰਦ ਦਾ ਸੱਦਾ ਦਿੱਤਾ। ਇਸ ਨਫਰਤ ਦੇ ਵਾਤਾਵਰਣ ਵਿਚ ਇਹ ਕਾਮੇ ਹੀ ਐਸੀ ਉਮੀਦ ਦੀ ਕਿਰਨ ਹੈ, ਜੋ ਆਉਣ ਵਾਲੇ ਸਮੇਂ ਵਿਚ ਸਾਂਝੇ ਐਕਸ਼ਨ ਨਾਲ ਪੰਜਾਬ ਦੇ ਵਾਤਾਵਰਣ ਨੂੰ ਸੁਖਾਵਾਂ ਬਣਾਉਣਗੇ। ਚੰਡੀਗੜ੍ਹ ਸਿਰਫ ਪੱਥਰਾਂ ਦਾ ਸ਼ਹਿਰ ਹੈ। ਇਸ ਦੇ ਵਾਸਤੇ ਆਪਣੇ ਖੇਤ ਦੇਣੇ ਇਕ ਦੁਖਾਂਤ ਹੈ, ਜਿਸ ਨੂੰ ਸਿਰਫ ਧਰਤੀ ਦੇ ਨੇੜੇ ਵਾਲੇ ਲੋਕ ਹੀ ਮਹਿਸੂਸ ਕਰ ਸਕਦੇ ਹਨ। ਇਹ ਅਹਿਸਾਸ ਵੀ ਇਸ ਨਾਟਕ ਵਿਚ ਦੱਸਿਆ ਗਿਆ ਹੈ।

ਨਾਟਕ ਸ਼ੁਰੂ ਹੋਣ 'ਤੇ ਕੋਰਸ ਵਜੋਂ ਬੋਲੀ ਪਾਈ ਜਾਂਦੀ ਹੈ, ''ਹਾੜੇ ਹਾੜੇ ਹਾੜੇ, ਸ਼ਹਿਰ ਚੰਡੀਗੜ੍ਹ ਨੇ ਪਾਏ ਕਈ ਪੁਆੜੇ। ਪੁਆੜੇ ਕਿਉਂ ਪੈਂਦੇ, ਜੇ ਭਾਈ ਭਾਈ ਦਾ ਸਿਰ ਪਾੜੇ। ਭਾਈ ਭਾਈ ਦਾ ਸਿਰ ਕਿਉਂ ਪਾੜੇ, ਹਿੱਸਾ ਵੱਧ ਲੈਣ ਦੇ ਮਾਰੇ। ਹਿੱਸਾ ਵੱਧ ਕਿਉਂ ਮੰਗਦੇ, ਲੀਡਰਾਂ ਦੇ ਜੋ ਲਾਰੇ। ਲੀਡਰ ਲਾਰੇ ਕਿਉਂ ਲਾਂਦੇ, ਗੱਦੀਆਂ ਸਾਂਭਣ ਦੇ ਮਾਰੇ। ਲੋਕੋ ਹੋਸ਼ ਕਰੋ ਇਹ ਗੱਦੀਆਂ ਦੇ ਸਭ ਨੇ ਪੁਆੜੇ।''

ਚੰਡੀਗੜ੍ਹ ਪਾਤਰ ਨਾਲ ਗੱਲਾਂ ਹੁੰਦੀਆਂ ਹਨ। ਚੰਡੀਗੜ੍ਹ ਤੈਨੂੰ ਪੰਜਾਬੀ ਚੰਗੀ ਲਗਦੀ ਹੈ? ਸਿਰ ਹਿੱਲਦਾ ਹੈ, ਵੱਡੀ ਸਾਰੀ ਨਾਂਹ ਹੈ। ਚੰਡੀਗੜ੍ਹ ਤੈਨੂੰ ਹਿੰਦੀ ਚੰਗੀ ਲਗਦੀ ਹੈ? ਫੇਰ ਵੱਡੀ ਸਾਰੀ ਨਾਂਹ ਹੈ। ਚੰਡੀਗੜ੍ਹ ਤੈਨੂੰ ਅੰਗਰੇਜ਼ੀ ਚੰਗੀ ਲਗਦੀ ਹੈ? ਵੱਡੀ ਸਾਰੀ ਹਾਂ ਹੈ। ਚੰਡੀਗੜ੍ਹ ਤੈਨੂੰ ਬਰਨਾਲਾ ਚੰਗਾ ਲਗਦਾ ਹੈ? ਵੱਡੀ ਸਾਰੀ ਨਾਂਹ ਹੈ। ਚੰਡੀਗੜ੍ਹ ਤੈਨੂੰ ਬੰਸੀ ਲਾਲਾ ਚੰਗਾ ਲਗਦਾ ਹੈ? ਵੱਡੀ ਸਾਰੀ ਨਾਂਹ ਹੈ। ਚੰਡੀਗੜ੍ਹ ਤੈਨੂੰ ਰਾਜੀਵ ਚੰਗਾ ਲਗਦੈ? ਵੱਡੀ ਸਾਰੀ ਹਾਂ ਹੈ। ਇਹ ਚੰਡੀਗੜ੍ਹ ਬਾਰੇ ਅਸਲੀਅਤ ਹੈ। ਕੋਰਸ ਚੰਡੀਗੜ੍ਹ ਵਲੋਂ ਪ੍ਰਸਿੱਧ ਲੋਕ ਗੀਤ ਦੀ ਪੈਰਾਡੀ ਬੋਲਦਾ ਹੈ ''ਪਹਿਲੀ ਵਾਰ ਮੈਨੂੰ ਬਰਨਾਲਾ ਲੈਣ ਆਇਆ, ਬਰਨਾਲਾ ਦਿਲ ਦਾ ਕਾਲਾ - ਬਰਨਾਲੇ ਹੱਥੋਂ ਹੋਈ ਹਾਂ ਸੜ ਕੇ ਸਵਾਹ। ਬੂਹਾ ਖੋਲ੍ਹਿਆ ਨਾ ਜਾਏ, ਘੁੰਡ ਚੁੱਕਿਆ ਨਾ ਜਾਏ, ਮੂੰਹੋਂ ਬੋਲਿਆ ਨਾ ਜਾਏ, ਪੈਰ ਪੁੱਟਿਆ ਨਾ ਜਾਏ। ਨਹੀਂ ਜਾਣਾ ਮੇਰੀ ਮਾਏ ਬਰਨਾਲੇ ਨਾਲ ਨਹੀਂ ਜਾਣਾ।''

ਇਸ ਤਰ੍ਹਾਂ ਬੰਸੀ ਲਾਲਾ ਬਾਰੇ ਚੰਡੀਗੜ੍ਹ ਦੇ ਅਹਿਸਾਸ ਹਨ। ਹੁਣ ਚੰਡੀਗੜ੍ਹ ਨੇ ਜਦੋਂ ਕਿਸੇ ਨਾਲ ਨਹੀਂ ਜਾਣਾ ਤਾਂ ਉਹ ਸੈਂਟਰ ਨਾਲ ਹੀ ਰਹਿਣਾ ਚਾਹੁੰਦਾ ਹੈ ਜੋ ਗੀਤ ਦੇ ਅਨੁਸਾਰ ਪਿਆਰਾ ਮਾਹੀ ਹੈ। ਝਗੜਾ ਸ਼ੁਰੂ ਹੈ। ਸੋਹਣਾ ਫੁੱਲ ਗੁਲਾਬ ਦਾ, ਚੰਡੀਗੜ੍ਹ ਪੰਜਾਬ ਦਾ। ਲਾਲ ਰੰਗ ਹਦਵਾਣੇ ਕਾ, ਚੰਡੀਗੜ੍ਹ ਹਰਿਆਣੇ ਕਾ। ਖਿੱਚ-ਧੂਹ ਚਲਦੀ ਹੈ। ਜਦੋਂ ਪਿੱਠ ਭੂਮੀ ਤੋਂ ਆਵਾਜ਼ ਆਉਂਦੀ ਹੈ :- ਛੋਰੋ ਹਰਿਆਣੇ ਦੇ, ਮੁੰਡੇ ਪੰਜਾਬ ਦੇ। ਚੰਡੀਗੜ੍ਹ ਦੋਨੋਂ ਪੱਟੇ, ਤੇਰੇ ਸ਼ਬਾਬ ਦੇ।

ਇਸ ਤਰ੍ਹਾਂ ਨਾਟਕ ਅੱਗੇ ਚੱਲਦਾ ਹੈ। ਇਹ ਦੱਸਿਆ ਗਿਆ ਹੈ ਕਿ ਚੰਡੀਗੜ੍ਹ ਵਿਚ ਭਾਵੇਂ ਪੰਜਾਬ ਦਾ ਕਿਸਾਨ ਆਏ ਤੇ ਭਾਵੇਂ ਹਰਿਆਣੇ ਦਾ, ਜਾਂ ਕੋਈ ਵੀ ਸਾਧਾਰਨ ਬੰਦਾ ਦੋਨਾਂ ਪਾਸਿਆਂ ਤੋਂ ਆਏ, ਉਹ ਨੌਕਰਸ਼ਾਹੀ ਨਿਜ਼ਾਮ ਦਾ ਸ਼ਿਕਾਰ ਬਣਦਾ ਹੈ। ਸਾਧਾਰਨ ਬੰਦਾ ਫੇਰ ਅੱਕ ਕੇ ਚੰਡੀਗੜ੍ਹ ਨੂੰ ਸੰਬੋਧਨ ਹੁੰਦਾ ਹੈ। ਚੰਡੀਗੜ੍ਹ ਹੁਣ ਉਹਦੇ ਲਈ ਰਾਜ ਸੱਤਾ ਦਾ ਚਿੰਨ੍ਹ ਹੈ।

ਚੰਡੀਗੜ੍ਹ - ਇਹ ਸਭ ਤੇਰੇ ਨਾਂ 'ਤੇ ਚੱਲਦਾ ਲਹੂ ਬੇਦੋਸ਼ਿਆਂ ਦਾ ਖੁੱਲ੍ਹਾ ਡੁੱਲਦਾ। ਪਰ ਤੂੰ ਬਣਿਆ ਪੱਥਰ ਦਾ ਪੱਥਰ, ਇੱਥੇ ਲੱਗ ਗਏ ਲਾਸ਼ਾਂ ਦੇ ਸੱਥਰ। ਤੈਨੂੰ ਅਸੀਂ ਹੁਣ ਜਾਣ ਲਿਆ ਹੈ। ਚੰਗੀ ਤਰ੍ਹਾਂ ਪਹਿਚਾਣ ਲਿਆ ਹੈ। ਤੂੰ ਹੈ ਨਿਜ਼ਾਮ ਦਾ ਚਿੰਨ੍ਹ, ਜਿੱਥੇ ਰਾਤ ਹੋਵੇ ਜਾਂ ਦਿਨ ਜਿਹੜੇ ਇੱਥੇ ਮਿਹਨਤ ਕਰਦੇ, ਲੁੱਟ ਹੁੰਦੇ ਤੇ ਭੁੱਖੇ ਮਰਦੇ। ਤਖਤ 'ਤੇ ਭਾਵੇਂ ਚਿੱਟੀ ਹੋਵੇ ਭਾਵੇਂ ਹੋਵੇ ਨੀਲੀ ਪੱਗ, ਸਾਡੇ ਲਈ ਤਾਂ ਦੋਵੇਂ ਇਕੋ ਜਿਨ੍ਹਾਂ ਚੂਸਣੀ ਸਾਡੀ ਰੱਤ। ਭਾਵੇਂ ਉਥੇ ਹੋਵੇ ਬਰਨਾਲਾ, ਭਾਵੇਂ ਹੋਵੇ ਬੰਸੀ ਲਾਲਾ, ਪਰ ਸਾਡੇ ਲਈ ਤਾਂ ਰਹਿਣਾ, ਉਥੇ ਦਾ ਉਥੇ ਪਰਨਾਲਾ।

ਚੰਡੀਗੜ੍ਹ - ਤੂੰ ਪੁਆੜੇ ਦੀ ਜੜ੍ਹ, ਜਦੋਂ ਵੀ ਤੇਰਾ ਝਗੜਾ ਉਠਦਾ, ਸਾਡੇ ਖੇਤਾਂ ਨਾਲ ਆ ਜੁੜਦਾ। ਕਦੀ ਅਬੋਹਰ ਫਾਜ਼ਿਲਕਾ ਪਿੰਡ ਹਜ਼ਾਰ, ਕਦੀ ਧਰਤੀ ਏਕੜ ਸੱਤਰ ਹਜ਼ਾਰ। ਚੰਡੀਗੜ੍ਹ ਤੂੰ ਚਿੱਟਾ ਹਾਥੀ, ਸਾਨੂੰ ਨਹੀਂ ਆਵੇਂਗਾ ਰਾਸ। ਸਾਂਭ ਆਪਣੇ ਗੀਟੇ ਪੱਥਰ ਨੀਲੇ ਚਿੱਟੇ ਸਿਆਸਤਦਾਨ। ਇਕੋ ਥੈਲੀ ਦੇ ਚੱਟੇ ਵੱਟੇ ਆਪਣੀ ਹਿੱਕ 'ਤੇ ਲੈ ਬਿਠਾਲ। ਇਧਰ ਰਹਿ ਉਧਰ ਰਹਿ, ਰਹਿ ਭਾਵੇਂ ਤੂੰ ਵਿਚ ਵਿਚਾਲ। ਪਰ ਖਾਤਿਰ ਤੇਰੀ ਅਸੀਂ ਖੇਤ ਕਰਨੇ ਨਹੀਂ ਕੁਰਬਾਨ, ਇਹੀ ਹੈ ਸਾਡਾ ਐਲਾਨ। ਇਹੀ ਰਹੂ ਸਾਡਾ ਐਦਾਨ। ਅਸੀਂ ਆਪਸ ਦੇ ਵਿਚ ਲੜਨਾ ਨਹੀਂ, ਅਸੀਂ ਤੇਰੀ ਖਾਤਿਰ ਮਰਨਾ ਨਹੀਂ।

ਨਾਟਕ ਜਦੋਂ ਖਤਮ ਹੁੰਦਾ ਹੈ ਤਾਂ ਦਰਸ਼ਕਾਂ ਦਾ ਹੁੰਗਾਰਾ ਇਹ ਸਾਬਤ ਕਰਦਾ ਹੈ ਕਿ ਚੰਡੀਗੜ੍ਹ ਦੀ ਖਾਤਿਰ ਲੜਨਾ ਮੂਰਖਤਾ ਤੋਂ ਬਿਨਾਂ ਕੁਝ ਨਹੀਂ।

ਇਹ ਨਾਟਕ ਜਦੋਂ ਅਸੀਂ ਆਪਣੇ ਗਰੁੱਪ ਵਲੋਂ 1983 ਵਿਚ ਇੰਗਲੈਂਡ ਵਿਚ ਕੀਤਾ ਤਾਂ ਮਾਨਚੈਸਟਰ ਗਾਰਡੀਅਨ ਅਖਬਾਰ ਨੇ ਟਿੱਪਣੀ ਕੀਤੀ ਸੀ, "ਮਜ਼ਦੂਰ ਥਿਏਟਰ ਦੀ ਕਲਾ ਜਿਸ ਉਤੇ ਨਾਲ ਇੰਡੀਆਂ ਦੀ ਸਮਾਜਕੀ ਸਥਿਤੀ ਤੇ ਟਿੱਪਣੀ ਕੀਤੀ ਗਈ ਹੈ, ਇਹ ਇਥੇ

ਉਥੇ ਇਹ ਇਸ ਦੀਆਂ ਸੰਭਾਵਨਾਵਾਂ ਉਤੇ ਵੀ ਰੋਸ਼ਨੀ ਪਾਉਂਦਾ ਹੈ ਕਿ ਥੀਏਟਰ ਇਕ ਜਾਗਦੀ ਕਲਾ ਦਾ ਉਤੇ ਅਸਰ ਕਿਵੇਂ ਪਾ ਸਕਦਾ ਹੈ।" ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ - - -